ਪਾਣੀ ਬਚਾਓ, ਧਰਤੀ ਬਚਾਓ

# ਖੇਤੀ ਅਡਵਾਈਜ਼ਰ Advisor

## ਮਹੀਨਾਵਾਰੀ ਖੇਤੀ ਮੈਗਜ਼ੀਨ

ਖੇਤੀ ਅਡਵਾਈਜ਼ਰ ਦੀ ਸਮੁੱਚੀ ਟੀਮ ਵੱਲੋਂ ਕਿਸਾਨ ਵੀਰਾਂ ਨੂੰ ਨਵੇਂ ਸਾਲ ਦੀਆਂ ਲੱਖ-ਲੱਖ ਵਧਾਈਆਂ

ਜਨਵਰੀ 2014 ਜਿਲਦ ਨੰ. 9 ਅੰਕ 8 ਮੁੱਲ 25₹ www.advisorpublications.co.in

# ਘੋੜਿਆਂ ਦਾ ਸ਼ਾਹ ਸਵਾਰ ਰਿੰਪਲ ਬਰਾੜ ਰੋਡੇ






# ਨਵੀਆਂ ਖੇਤੀ ਤਕਨੀਕਾਂ ਅਪਣਾਉਣ ਦੀ ਲੋੜ-ਸ਼ਰਦ ਪਵਾਰ

## ਜੈਨ ਇਰੀਗੇਸ਼ਨ ਅਤੇ ਭੰਵਰ ਲਾਲ ਐਂਡ ਕਾਂਤਾਬਾਈ ਜੈਨ ਮਲਟੀਪਰਪਜ਼ ਫਾਊਂਡੇਸ਼ਨ ਵੱਲੋਂ ਪੁਰਸਕਾਰ ਵੰਡ ਸਮਾਗਮ

ਜਲਗਾਓਂ-ਇਥੇ ਜੈਨ ਇਰੀਗੇਸ਼ਨ ਅਤੇ ਭੰਵਰ ਲਾਲ ਐਂਡ ਕਾਂਤਾਬਾਈ ਜੈਨ ਮਲਟੀਪਰਪਜ਼ ਫਾਊਂਡੇਸ਼ਨ ਵੱਲੋਂ ਸਵ. ਡਾ. ਅਪਾ ਸਾਹਿਬ ਪਵਾਰ ਆਧੁਨਿਕ ਖੇਤੀ ਉੱਚ-ਤਕਨੀਕ ਪੁਰਸਕਾਰ-2012 ਦੀ ਵੰਡ ਅਤੇ ਜੈਨ ਟਿਸ਼ੂਕਲਚਰ ਪਾਰਕ ਦੇ ਉਦਘਾਟਨ ਸਮਾਰੋਹ ਨੂੰ ਸੰਬੋਧਨ ਕਰਦਿਆਂ ਕੇਂਦਰੀ ਖੇਤੀਬਾੜੀ ਮੰਤਰੀ ਸ੍ਰੀ ਸ਼ਰਦ ਪਵਾਰ ਨੇ ਕਿਹਾ ਕਿ ਖੇਤੀਬਾੜੀ ਦੇ ਸਮੁੱਚੇ ਵਿਕਾਸ ਲਈ ਜ਼ਰੂਰੀ ਹੈ ਕਿ ਸਾਡੇ ਕਿਸਾਨ ਨਵੀਆਂ ਖੇਤੀ ਤਕਨੀਕਾਂ ਅਪਣਾਉਣ। ਇਸ ਮੌਕੇ ਰਤਨਗਿਰੀ ਜ਼ਿਲ੍ਹੇ ਦੇ ਨਰਵਣ ਨਿਵਾਸੀ ਪ੍ਰਗਤੀਸ਼ੀਲ ਕਿਸਾਨ ਡਾ. ਅਨਿਲ ਵਿਠੁਲ ਜੋਸ਼ੀ ਨੂੰ ਕੇਂਦਰੀ ਮੰਤਰੀ ਸ਼ਰਦ ਪਵਾਰ ਨੇ ਡਾ. ਅਪਾ ਸਾਹਿਬ ਪਵਾਰ ਆਧੁਨਿਕ ਖੇਤੀ ਉੱਚ ਤਕਨੀਕ ਪੁਰਸਕਾਰ ਪ੍ਰਦਾਨ ਕੀਤਾ ਗਿਆ। ਇਸ ਸਮਾਰੋਹ ਵਿਚ ਵਿਰੋਧੀ ਧਿਰ ਦੇ ਨੇਤਾ ਏਕਨਾਥ ਰਾਉ ਖਡਸੇ, ਖੇਤੀ ਰਾਜ ਮੰਤਰੀ ਸੰਜੇ ਸਾਵਕਾਰੇ, ਸੰਸਦ ਮੈਂਬਰ ਈਸ਼ਵਰ ਲਾਲ ਜੈਨ, ਸੰਸਦ ਮੈਂਬਰ ਹਰੀ ਭਾਊ ਜਾਵਲੇ, ਸੰਸਦ ਮੈਂਬਰ ਏ. ਟੀ. ਨਾਨਾ ਪਾਟਿਲ, ਵਿਧਾਇਕ ਗੁਲਾਬ ਰਾਉ ਦੇਵਕਰ, ਵਿਧਾਇਕ ਰਾਜੀਵ ਦੇਸ਼ਮੁਖ, ਵਿਧਾਇਕ ਦਿਲੀਪ ਵਾਘ, ਵਿਧਾਇਕ ਜਗਦੀਸ਼ ਚੰਦਦ ਵਲਵੀ ਆਦਿ ਹਾਜ਼ਰ ਸਨ।

**ਸਮਾਗਮ 'ਚ 6 ਹਜ਼ਾਰ ਕਿਸਾਨਾਂ ਨੇ ਲਵਾਈ ਹਾਜ਼ਰੀ ਤੇ ਟਿਸ਼ੂਕਲਚਰ ਦਾ ਕੀਤਾ ਮੁਆਇਆ।**

ਇਸ ਮੌਕੇ ਕਿਸਾਨਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਸ੍ਰੀ ਸ਼ਰਦ ਪਵਾਰ ਨੇ ਕਿਹਾ ਕਿ ਦੇਸ਼ 'ਚ 52 ਤੋਂ 60 ਪ੍ਰਤੀਸ਼ਤ ਲੋਕ ਖੇਤੀ ਧੰਦੇ 'ਤੇ ਨਿਰਭਰ ਹਨ 70 ਪ੍ਰਤੀਸ਼ਤ ਕਿਸਾਨ, ਜਿਨ੍ਹਾਂ ਕੋਲ ਦੋ ਏਕੜ ਜ਼ਮੀਨ ਹੈ ਪਰ ਉਨ੍ਹਾਂ ਕੋਲ ਲੋੜ ਅਨੁਸਾਰ ਪਾਣੀ ਨਹੀਂ। ਸ੍ਰੀ ਪਵਾਰ ਨੇ ਕਿਹਾ ਕਿ ਜੇਕਰ ਅਸੀਂ

**ਪੁਰਸਕਾਰ ਪ੍ਰਾਪਤ ਡਾ. ਅਨਿਲ ਜੋਸ਼ੀ ਦੀ ਪਤਨੀ ਸ੍ਰੀਮਤੀ ਦੀਪਾ ਜੋਸ਼ੀ ਦਾ ਸਨਮਾਨ ਸ੍ਰੀਮਤੀ ਜੋਤੀ ਅਸ਼ੋਕ ਜੈਨ ਵੱਲੋਂ ਸਾੜੀ ਦੇ ਕੇ ਕੀਤਾ ਗਿਆ।**

ਬਹੁਗਿਣਤੀ ਕਿਸਾਨਾਂ ਦਾ ਵਿਕਾਸ ਚਾਹੁੰਦੇ ਹਾਂ ਤਾਂ ਜਿਥੇ ਸੰਭਵ ਹੋਵੇ ਪਾਣੀ ਦੇ ਛੋਟੇ-ਛੋਟੇ ਤਾਲਾਬ ਬਣਾ ਕੇ ਤੁਪਕਾ ਸਿੰਚਾਈ ਨਾਲ ਜੋੜ ਦੇਣਾ ਚਾਹੀਦਾ ਹੈ। ਉਨ੍ਹਾਂ ਜੈਨ ਇਰੀਗੇਸ਼ਨ ਦਾ ਜ਼ਿਕਰ ਕਰਦਿਆਂ ਏਨਾ ਵੱਲੋਂ ਕੀਤੇ ਜਾ ਰਹੇ ਵਿਕਾਸ ਕਾਰਜ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਜੈਨ ਇਰੀਗੇਸ਼ਨ ਨੇ ਕਿਸਾਨ ਤੱਕ ਤੁਪਕਾ ਸਿੰਚਾਈ ਪਹੁੰਚਾਉਣ ਵਾਲੀ ਬਹੁਤ ਕਸ਼ਟ ਝੱਲੇ ਹਨ। ਉਨ੍ਹਾਂ ਕਿਹਾ ਕਿ ਜੈਨ ਟਿਸ਼ੂਕਲਚਰ ਪਾਰਕ, ਉਨ੍ਹਾਂ ਦਾ ਹੀ ਨਤੀਜਾ ਹੈ। ਸ੍ਰੀ ਪਵਾਰ ਨੇ ਕਿਹਾ ਕਿ ਟਿਸ਼ੂਕਲਚਰ ਤਹਿਤ ਤਿਆਰ ਪੌਦਿਆਂ ਦੇ ਵਿਕਾਸ ਨਾਲ ਕਿਸਾਨਾਂ ਨੂੰ ਭਰਪੂਰ ਲਾਭ ਪਹੁੰਚਣਾ ਨਿਸ਼ਚਿਤ ਹੈ। ਉਨ੍ਹਾਂ ਕਿਹਾ ਕਿ ਟਿਸ਼ੂਕਲਚਰ ਤਹਿਤ ਜੈਨ ਇਰੀਗੇਸ਼ਨ ਵੱਲੋਂ ਕੀਤੇ ਕੰਮ ਸ਼ਲਾਘਾਯੋਗ ਹੈ। ਇਸੇ ਕਰਕੇ ਕੰਪਨੀ ਨੇ ਦੇਸ਼ ਵਿਦੇਸ਼ 'ਚ ਆਪਣਾ ਨਾਂਅ ਬਣਾਇਆ।

ਇਸ ਮੌਕੇ ਸ੍ਰੀ ਪਵਾਰ ਨੇ ਕਿਹਾ ਕਿ ਜਦੋਂ ਮੈਂ ਦੇਸ਼ ਦਾ ਖੇਤੀਬਾੜੀ ਮੰਤਰੀ ਬਣਿਆ ਸੀ ਤਾਂ ਉਸ ਮੌਕੇ ਦੇਸ਼ ਵੱਡੇ ਪੱਧਰ 'ਤੇ ਅਨਾਜ ਬਾਹਰੋਂ ਮੰਗਵਾਉਂਦਾ ਸੀ ਪਰ ਸਾਡੇ ਦੇਸ਼ ਦੇ ਕਿਸਾਨਾਂ ਵੱਲੋਂ ਕੀਤੀ ਮਿਹਨਤ ਸਦਕਾ ਅਤੇ ਦੇਸ਼ ਚੌਲਾਂ ਦੇ ਨਿਰਯਾਤ ਵਿਚ ਪਹਿਲੇ ਨੰਬਰ 'ਤੇ ਹੈ। ਕਣਕ, ਕਪਾਹ ਅਤੇ ਖੰਡ ਵਿਚ ਦੇਸ਼ ਦਾ ਦੂਜਾ ਨੰਬਰ ਹੈ।

ਇਸ ਮੌਕੇ ਜੈਨ ਇਰੀਗੇਸ਼ਨ ਤੇ ਚੇਅਰਮੈਨ ਸ੍ਰੀ ਭੰਵਰ ਲਾਲ ਹੀਰਾ ਲਾਲ ਜੈਨ ਨੇ ਡਾ. ਅੱਪਾ ਸਾਹਿਬ ਪਵਾਰ ਆਧੁਨਿਕ ਖੇਤੀ ਉੱਚ ਤਕਨੀਕ ਪੁਰਸਕਾਰ ਦੇ ਸ਼ੁਰੂ ਕਰਨ ਬਾਰੇ ਕਿਸਾਨਾਂ ਨੂੰ ਜਾਣੂੰ ਕਰਵਾਇਆ। ਉਨ੍ਹਾਂ ਕਿਹਾ ਕਿ ਡਾ. ਅੱਪਾ ਸਾਹਿਬ ਨੇ ਖੇਤੀ ਸਿੱਖਿਆ ਦੇ ਪ੍ਰਸਾਰ ਲਈ ਦਿਨ-ਰਾਤ ਮਿਹਨਤ ਕੀਤੀ। ਉਨ੍ਹਾਂ ਕਿਹਾ ਕਿ ਜਦੋਂ ਮੈਂ ਉਨ੍ਹਾਂ ਨੂੰ ਪਹਿਲੀ ਵਾਰ ਮਿਲਿਆ ਸੀ ਤਾਂ ਖੇਤੀ ਦੇ ਖੇਤਰ ਵਿਚ ਉੱਚ ਤਕਨੀਕ ਲਿਆਉਣ ਦੀ ਜ਼ਿੰਮੇਵਾਰੀ ਉਨ੍ਹਾਂ ਮੈਨੂੰ ਦਿੱਤੀ ਸੀ। ਸਮੁੱਚੇ ਪ੍ਰੋਗਰਾਮ ਦਾ ਮੰਚ ਸੰਚਾਲਕ ਸ੍ਰੀ ਆਨੰਦ ਗੁਪਤਾ ਨੇ ਕੀਤਾ।